Developmental Disabilities Administration (DDA)

# ਚਾਰ ਸਾਲ (4) ਦੀ ਉਮਰ ਦੀ ਐਨਰੋਲਮੈਂਟ (ਰਜਿਸਟ੍ਰੇਸ਼ਨ) ਦੀ ਮਿਆਦ ਪੁੱਗਣ ਬਾਰੇ ਨੋਟੀਫ਼ਿਕੇਸ਼ਨ

**Notification of Age Four (4) Enrollment Expiration**

ਤਾਰੀਖ਼:

ਨਾਂ ਅਤੇ ਪਤਾ

ਨੁਮਾਇੰਦੇ ਦਾ ਨਾਂ ਅਤੇ ਪਤਾ

ਹਵਾਲਾ: ____________________________ ਲਈ ਚਾਰ ਸਾਲ (4) ਦੀ ਉਮਰ ਦੀ ਐਨਰੋਲਮੈਂਟ (ਰਜਿਸਟ੍ਰੇਸ਼ਨ) ਦੀ ਮਿਆਦ ਪੁੱਗਣ ਬਾਰੇ ਨੋਟੀਫ਼ਿਕੇਸ਼ਨ

ਤੁਹਾਡਾ ਬੱਚਾ ਇਸ ਸਮੇਂ ਵਿਕਾਸ ਸਬੰਧੀ ਅਸਮਰੱਥਾ (ਅਪੰਗਤਾ) ਬਾਰੇ ਪ੍ਰਸ਼ਾਸਨ (DDA) ਨਾਲ ਰਜਿਸਟਰਡ ਹੈ। DDA ਹੇਠ ਤੁਹਾਡੇ ਬੱਚੇ ਦੀ ਯੋਗਤਾ ਦੀ ਮਿਆਦ ਉਸਦੇ ਚੌਥੇ ਜਨਮਦਿਨ 'ਤੇ ਪੁੱਗ ਜਾਂਦੀ ਹੈ। ਆਪਣੇ ਬੱਚੇ ਨੂੰ DDA ਲਈ ਹੱਕਦਾਰ ਬਣਾਈ ਰੱਖਣ ਵਾਸਤੇ, ਆਪਣੇ ਬੱਚੇ ਦੀ ਉਮਰ ਚਾਰ ਸਾਲ ਹੋਣ ਤੋਂ ਪਹਿਲਾਂ ਤੁਹਾਨੂੰ ਫਿਰ ਤੋਂ ਅਰਜ਼ੀ ਜ਼ਰੂਰ ਦੇਣੀ ਚਾਹੀਦੀ ਹੈ। ਹੇਠਾਂ ਦਿੱਤੀਆਂ ਸ਼ਰਤਾਂ ਵਿੱਚੋਂ ਕਿਸੇ ਇੱਕ ਹੇਠ ਤੁਹਾਡੇ ਬੱਚੇ ਦੀ ਹੱਕਦਾਰੀ ਦਾ ਫਿਰ ਤੋਂ ਫ਼ੈਸਲਾ ਜ਼ਰੂਰ ਕਰਨਾ ਚਾਹੀਦਾ ਹੈ: ਵਿਕਾਸ ਸਬੰਧੀ ਦੇਰ (ਦੇਰ ਹੋਣ ਦੇ ਤਿੰਨ ਜਾਂ ਵੱਧ ਖੇਤਰ), ਬੌਧਿਕ ਅਸਮਰੱਥਾ (ਅਪੰਗਤਾ), ਦਿਮਾਗ਼ੀ ਅਧਰੰਗ, ਮਿਰਗੀ, ਔੱਟਿਜ਼ਮ (ਆਤਮ-ਲੀਨਤਾ) ਜਾਂ ਕੋਈ ਹੋਰ ਤੰਤੂ-ਸਬੰਧੀ ਜਾਂ ਬੌਧਿਕ ਅਸਮਰੱਥਾ (ਅਪੰਗਤਾ) ਵਰਗੀ ਹੀ ਹੋਰ ਸਥਿਤੀ।.

ਤੁਹਾਨੂੰ ਇਹ ਦੱਸਣ ਲਈ ਕਿ ਇਸਦਾ ਫਿਰ ਤੋਂ ਫ਼ੈਸਲਾ ਕਰਨ ਲਈ ਕਿਸ ਚੀਜ਼ ਦੀ ਲੋੜ ਪੈਂਦੀ ਹੈ, ਵਾਸਤੇ ਅਸੀਂ ਲੋੜੀਂਦੇ ਦਸਤਾਵੇਜ਼ਾਂ ਦਾ ਇੱਕ ਟੇਬਲ ਨਾਲ ਨੱਥੀ ਕੀਤਾ ਹੈ।

ਮੈਂ ਫਿਰ ਤੋਂ ਕਿਵੇਂ ਅਪਲਾਈ ਕਰਾਂ**?**

ਫਿਰ ਤੋਂ ਅਰਜ਼ੀ ਪਾਉਣ ਸਬੰਧੀ ਪੈਕੇਟ ਲਈ ਬੇਨਤੀ ਕਰਨ ਵਾਸਤੇ ਆਪਣੇ ਬੱਚੇ ਦੇ ਚੌਥੇ ਜਨਮ-ਦਿਨ ਤੋਂ ਘੱਟੋ-ਘੱਟ 90 ਦਿਨ ਪਹਿਲਾਂ DDA ਦੇ ਖਾਣ-ਪੀਣ ਦੀਆਂ ਵਸਤਾਂ (ਇਨਟੇਕ) ਅਤੇ ਯੋਗਤਾ ਬਾਰੇ ਸਟਾਫ਼ ਨਾਲ ਸੰਪਰਕ ਕਰੋ। ਇੰਜ ਤੁਸੀਂ ਲਿਖਕੇ ਜਾਂ ਹੇਠਾਂ ਦਿੱਤੇ ਟੈਲੀਫੋਨ ਨੰਬਰ 'ਤੇ ਕਾੱਲ ਕਰਕੇ ਕਰ ਸਕਦੇ ਹੋ। ਤੁਹਾਨੂੰ ਅਰਜ਼ੀ ਸਬੰਧੀ ਪੈਕੇਟ ਡਾਕ ਰਾਹੀਂ ਭੇਜਿਆ ਜਾਏਗਾ। ਤੁਸੀਂ https://www.dshs.wa.gov/dda/consumers-and-families/eligibility 'ਤੇ ਜਾਕੇ ਅਰਜ਼ੀ ਬਾਰੇ ਹੋਰ ਦਸਤਾਵੇਜ਼ ਵੀ ਔਨਲਾਈਨ ਪ੍ਰਾਪਤ ਕਰ ਸਕਦੇ ਹੋ।

ਜੇ ਮੈਂ ਮੁੜ-ਅਪਲਾਈ ਨਹੀਂ ਕਰਦਾ/ਕਰਦੀ, ਤਾਂ ਕੀ ਹੁੰਦਾ ਹੈ**?**

ਜੇ ਤੁਸੀਂ ਫਿਰ ਤੋਂ ਅਰਜ਼ੀ ਪਾਉਣ ਸਬੰਧੀ ਪੈਕੇਟ ਲਈ ਬੇਨਤੀ ਨਹੀਂ ਕਰਦੇ ਜਾਂ ਜੇ ਤੁਸੀਂ ਆਪਣੇ ਬੱਚੇ ਦੇ ਜਨਮ-ਦਿਨ ਤੋਂ ਘੱਟੋ-ਘੱਟ 60 ਦਿਨ ਪਹਿਲਾਂ ਅਰਜ਼ੀ ਵਾਪਸ ਨਹੀਂ ਕਰਦੇ, ਤਾਂ ਉਸਦੇ ਚੌਥੇ ਜਨਮ-ਦਿਨ 'ਤੇ DDA ਨਾਲ ਉਸਦੀ ਯੋਗਤਾ (ਹੱਕਦਾਰੀ) ਖ਼ਤਮ ਹੋ ਜਾਏਗੀ। ਜੇ ਤੁਹਾਡੇ ਬੱਚੇ ਨੂੰ DDA ਤੋਂ ਭੁਗਤਾਨ ਵਲੀ ਸੇਵਾ ਮਿਲਦੀ ਹੈ, ਤਾਂ ਇਹ ਸੇਵਾ ਉਸਦੇ ਚੌਥੇ ਜਨਮ-ਦਿਨ 'ਤੇ ਖ਼ਤਮ ਹੋ ਜਾਏਗੀ।

**DDA** ਦੀ ਐਨਰੋਲਮੈਂਟ **(**ਰਜਿਸਟ੍ਰੇਸ਼ਨ**)** ਦੀ ਮਿਆਦ ਪੁੱਗਣ ਨਾਲ ਖ਼ਾਸ ਪੜ੍ਹਾਈ ਦੇ ਪ੍ਰੋਗਰਾਮਾਂ ਜਾਂ **SSI** ਦੀ ਯੋਗਤਾ ਵਿੱਚ ਹਿੱਸਾ ਲੈਣ **'**ਤੇ ਕੋਈ ਅਸਰ ਨਹੀਂ ਪਏਗਾ। **DDA** ਦੀ ਐਨਰੋਲਮੈਂਟ **(**ਰਜਿਸਟ੍ਰੇਸ਼ਨ**)** ਦੀ ਮਿਆਦ ਪੁੱਗਣ ਨਾਲ**,** ਤੁਹਾਡੇ ਵਲੋਂ ਹਾਸਿਲ ਕੀਤੀ ਜਾ ਰਹੀ **Medicaid**, **TANF** ਜਾਂ ਫ਼ੂਡ ਸਟੈਂਪ ਵਰਗੀ **DSHS** ਦੀ ਕਿਸੇ ਹੋਰ ਸੇਵਾ **'**ਤੇ ਕੋਈ ਅਸਰ ਨਹੀਂ ਪਏਗਾ।

ਕਿਰਪਾ ਕਰਕੇ ਜਿੰਨੀ ਛੇਤੀ ਸੰਭਵ ਹੋਏ ਪਰ, ਆਪਣੇ ਬੱਚੇ ਦੇ ਚੌਥੇ ਜਨਮ-ਦਿਨ ਤੋਂ ਘੱਟੋ-ਘੱਟ 90 ਪਹਿਲਾਂ ਜਵਾਬ ਦਿਓ। ਜੇ ਸਾਨੂੰ ਤੁਹਾਡੇ ਤੋਂ ਕੋਈ ਜਵਾਬ ਨਹੀਂ ਮਿਲਦਾ, ਤਾਂ ਅਸੀਂ ਅੰਦਾਜ਼ਾ ਲਾਵਾਂਗੇ ਕਿ ਤੁਸੀਂ DDA ਨਾਲ ਆਪਣੇ ਬੱਚੇ ਦੀ ਐਨਰੋਲਮੈਂਟ (ਰਜਿਸਟ੍ਰੇਸ਼ਨ) ਜਾਰੀ ਨਹੀਂ ਰੱਖਣਾ ਚਾਹੁੰਦੇ। ਚਾਰ (4) ਸਾਲ ਦੀ ਉਮਰ ਤੱਕ ਯੋਗਤਾ ਸਥਿਤੀ ਦੇ ਢੁਕਵੇਂ ਦਸਤਾਵੇਜ਼ਾਂ ਤੋਂ ਬਿਨਾ ਤੁਹਾਡੇ ਬੱਚੇ ਦੀ DDA ਯੋਗਤਾ ਅਤੇ DDA ਸੇਵਾਵਾਂ ਦੀ ਮਿਆਦ ਉਸਦੇ ਚੌਥੇ (4th) ਜਨਮ ਦਿਨ 'ਤੇ ਖ਼ਤਮ ਹੋ ਜਾਏਗੀ।

ਜੇ ਤੁਹਾਡੇ ਕੋਈ ਸੁਆਲ ਹਨ ਜਾਂ ਪੈਕੇਟ ਬਾਰੇ ਬੇਨਤੀ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਇਹਨਾਂ ਨਾਲ ਸੰਪਰਕ ਕਰੋ

____________________________________
ਕੇਸ ਬਾਰੇ ਸ੍ਰੋਤ ਮੈਨੇਜਰ ਦਾ ਨਾਂ

____________________________________
ਫੋਨ ਨੰਬਰ

____________________________________
ਈਮੇਲ ਪਤਾ

ਯੋਗਤਾ ਦਾ ਪ੍ਰਬੰਧ ਕਰਨ ਵਾਲੇ ਸਟੇਟ ਦੇ ਨੇਮਾਂ ਦੀ ਇੱਕ ਕਾੱਪੀ ਬੇਨਤੀ 'ਤੇ ਜਾਂ https://www.dshs.wa.gov/dda/consumers-and-families/eligibility 'ਤੇ ਔਨਲਾਈਨ ਉਪਲਬਧ ਹੈ।

ਕਾੱਪੀ ਭੇਜੀ ਗਈ: ਕਲਾਇੰਟ ਦੀ ਫ਼ਾਈਲ

| ਅਪੰਗਤਾ (ਅਸਮਰੱਥਾ) ਸਥਿਤੀ | ਉਮਰ | ਰੋਗ-ਨਿਦਾਨ | ਰੋਗ-ਨਿਦਾਨ ਕਰਨ ਵਾਲਾ | ਹੋਰ ਰਿਕਾਰਡ |
|---|---|---|---|---|
| ਵਿਕਾਸ ਸਬੰਧੀ ਦੇਰ | ਜਨਮ (0) ਤੋਂ 19 ਸਾਲ | ਵਿਕਾਸ ਸਬੰਧੀ ਦੇਰ | ਲਾਇਸੈਂਸਸ਼ੁਦਾ ਫਿਜ਼ੀਸ਼ਿਅਨ, ਲਾਇਸੈਂਸਸ਼ੁਦਾ ਨੈਚੁਰੋਪੈਥਿਕ ਫਿਜ਼ੀਸ਼ਿਅਨ, ਫਿਜ਼ੀਸ਼ਿਅਨ ਦਾ ਸਹਾਇਕ, ਲਾਇਸੈਂਸਸ਼ੁਦਾ ਮਨੋਵਿਗਿਆਨੀ ਜਾਂ ਪ੍ਰਮਾਣਿਤ ਸਕੂਲ ਦਾ ਮਨੋਵਿਗਿਆਨੀ, ਬੋਲਚਾਲ ਦੀ ਭਾਸ਼ਾ ਬਾਰੇ ਪੈਥੋਲਾਜਿਸਟ, ਆੱਡੀਓਲਾਜਿਸਟ, ਲਾਇਸੈਂਸਸ਼ੁਦਾ ਆੱਕਿਉਪੇਸ਼ਨਲ ਥੈਰੇਪਿਸਟ, ਲਾਇਸੈਂਸਸ਼ੁਦਾ ਫਿਜ਼ੀਕਲ ਥੈਰੇਪਿਸਟ, ARNP ਜਾਂ ਰਜਿਸਟਰਡ ਨਰਸ, ਪ੍ਰਮਾਣਿਤ ਅਧਿਆਪਕ, ਮਾਸਟਰ ਪੱਧਰ ਦਾ ਸੋਸ਼ਲ ਵਰਕਰ ਜਾਂ ਓਰੀਐਂਟੇਸ਼ਨ ਜਾਂ ਮੋਬਿਲਿਟੀ ਬਾਰੇ ਸਪੈਸ਼ਲਿਸਟ। | ਜਨਮ ਲਈ (0) ਤੋਂ 3 ਸਾਲ, ਇੱਕ ਵਿਕਾਸ ਸਬੰਧੀ ਦੇਰ ਜਾਂ ESIT ਦਾ ਹੱਕਦਾਰ। 4 ਤੋਂ 19 ਸਾਲ ਦੀ ਉਮਰ ਲਈ, ਵਿਕਾਸ ਸਬੰਧੀ ਤਿੰਨ ਜਾਂ ਵੱਧ ਦੇਰੀਆਂ। ਪ੍ਰੇਰਕ ਪੁੱਠੇ ਜਾਂ ਨਾੜੀ, ਗੱਲਬਾਤ, ਫਲਣਹਾਰ/ਸਵੈ-ਸਹਾਇਤਾ, ਸਮਾਜਕ/ਜਜ਼ਬਾਤੀ ਜਾਂ ਅਕਾਦਮਿਕ/ਸਮੱਸਿਆ ਹੱਲ ਕਰਨ ਸਬੰਧੀ ਮੁਹਾਰਤਾਂ ਦੇ ਖੇਤਰ ਵਿੱਚ ਹੋਣੀ ਚਾਹੀਦੀ ਹੈ, ਜਿਸਨੂੰ ਪਿਛਲੇ 18 ਮਹੀਨਿਆਂ ਵਿਚਲੇ ਮੌਜੂਦਾ ਮੁਲਾਂਕਣ ਦੇ ਅਧਾਰ 'ਤੇ ਔਸਤ ਤੋਂ 1.5 ਜਾਂ ਵੱਧ ਮਿਆਰੀ ਉਤਾਰ-ਚੜ੍ਹਾਅ ਜਾਂ 25% ਉਮਰ ਦੀ ਦੇਰ ਰਾਹੀਂ ਮਾਪੀ ਜਾਂਦੀ ਹੈ। |
| ਬੌਧਿਕ ਅਸਮਰੱਥਾ (ਅਪੰਗਤਾ) | ਜਨਮ (0) ਅਤੇ ਵੱਧ ਉਮਰ | ਬੌਧਿਕ ਅਸਮਰੱਥਾ (ਅਪੰਗਤਾ) ਜਾਂ ਇਸਦੇ ਬਰਾਬਰ ਰੋਗ-ਨਿਦਾਨ | ਲਾਇਸੈਂਸਸ਼ੁਦਾ ਮਨੋਵਿਗਿਆਨੀ, ਵਾੱਸ਼ਿੰਗਟਨ ਪ੍ਰਮਾਣਿਤ ਸਕੂਲ ਦਾ ਮਨੋਵਿਗਿਆਨੀ ਜਾਂ ਨੈਸ਼ਨਲ ਐਸੋਸੀਏਸ਼ਨ ਆੱਫ਼ ਸਕੂਲ ਮਨੋਚਿਕਿਤਸਕਾਂ ਦੀ ਰਾਸ਼ਟਰੀ ਐਸੋਸੀਏਸ਼ਨ ਵਲੋਂ ਪ੍ਰਮਾਣਿਤ ਹੋਰ ਸਕੂਲੀ ਮਨੋਚਿਕਿਤਸਕ | ਰੋਗ-ਨਿਦਾਨ ਵਿੱਚ ਇੱਕ ਡਾਇਗਨੋਸਟਿਕ ਰਿਪੋਰਟ ਅਤੇ ਪਿਛਲੇ 36 ਮਹੀਨਿਆਂ ਦੇ ਅੰਦਰ ਪੂਰੇ ਕੀਤੇ ਗਏ ਔਸਤ ਤੋਂ ਦੋ ਤੋਂ ਵੱਧ ਮਿਆਰੀ ਅੰਤਰ ਦੀਆਂ ਫਲਣਹਾਰ ਮੁਹਾਰਤਾਂ ਦਾ ਟੈਸਟ ਸਕੋਰ ਦਰਜ ਕਰਨਾ ਚਾਹੀਦਾ ਹੈ। |
| ਦਿਮਾਗ਼ੀ ਅਧਰੰਗ | ਜਨਮ (0) ਅਤੇ ਵੱਧ ਉਮਰ | ਦਿਮਾਗ਼ੀ ਅਧਰੰਗ ਜਾਂ ਅਜਿਹਾ ਹੀ ਦਿਮਾਗ਼ੀ ਨੁਕਸਾਨ, ਜਿਸ ਨਾਲ ਅੰਗ (ਲੱਤ ਜਾਂ ਬਾਂਹ) ਦੀ ਪੂਰੀ ਜਾਂ ਅੰਸ਼ਕ ਅਧਰੰਗ ਹੋ ਸਕਦੀ ਹੈ | ਲਾਇਸੈਂਸਸ਼ੁਦਾ ਫਿਜ਼ੀਸ਼ਿਅਨ; ਲਾਇਸੈਂਸਸ਼ੁਦਾ ਨੈਚੁਰੋਪੈਥਿਕ ਫਿਜ਼ੀਸ਼ਿਅਨ; ਜਾਂ ਫਿਜ਼ੀਸ਼ਿਅਨ ਦਾ ਸਹਾਇਕ ਜਾਂ ਨਿਊਰੋਲਾੱਜਿਕਲ ਪ੍ਰੈਕਟਿਸ ਨਾਲ ਜੁੜੀ ਹੋਈ ਐਡਵਾਂਸਡ ਰਜਿਸਟਰਡ ਨਰਸ ਪ੍ਰੈਕਟਿਸ਼ਨਰ (ARNP)। | ਹੇਠਾਂ ਦਿੱਤੇ ਦੋ ਜਾਂ ਵੱਧ ਕਾਰਜਾਂ ਵਿੱਚ ਰੋਜ਼ ਪ੍ਰਤੱਖ ਸਰੀਰਕ ਮਦਦ ਲਈ ਲੋੜੀਂਦੀ ਹਿਮਾਇਤ ਕਰਨ ਵਾਲੀ ਜਾਣਕਾਰੀ: ਟਾੱਇਲਟ ਜਾਣਾ/ਆਉਣਾ, ਨਹਾਉਣਾ, ਖਾਣ-ਪੀਣ, ਕਪੜੇ ਪਾਉਣੇ, ਤੋਰਾ-ਫੇਰਾ ਜਾਂ ਗੱਲਬਾਤ ਕਰਨਾ। |
| ਮਿਰਗੀ | ਜਨਮ (0) ਅਤੇ ਵੱਧ ਉਮਰ | ਮਿਰਗੀ ਜਾਂ ਦੌਰਾ ਪੈਣ ਬਾਰੇ ਵਿਗਾੜ | ਲਾਇਸੈਂਸਸ਼ੁਦਾ ਨਿਊਰੋਲਾੱਜਿਸਟ | ਮੈਡੀਕਲ ਇਤਿਹਾਸ ਅਤੇ ਨਿਊਰੋਲਾੱਜਿਕਲ ਟੈਸਟਿੰਗ ਦੇ ਅਧਾਰ 'ਤੇ ਰੋਗ-ਨਿਦਾਨ, ਮੈਡੀਕਲ ਸਾਲਸੀ ਦੇ ਬਾਵਜੂਦ ਪੈ ਰਹੇ ਦੌਰਿਆਂ ਦੀ ਫਿਜ਼ੀਸ਼ਿਅਨ ਜਾਂ ਨਿਊਰੋਲਾੱਜਿਸਟ ਵਲੋਂ ਪੁਸ਼ਟੀ ਜਾਂ ਪਿਛਲੇ 36 ਮਹੀਨਿਆਂ ਦੇ ਅੰਦਰ ਪੂਰੀਆਂ ਕੀਤੀਆਂ ਗਈਆਂ ਔਸਤ ਤੋਂ ਘੱਟ ਦੋ ਤੋਂ ਵੱਧ ਮਿਆਰੀ ਉਤਾਰ-ਚੜ੍ਹਾਅ ਦੀਆਂ ਫਲਣਹਾਰ ਮੁਹਾਰਤਾਂ ਦਾ ਟੈਸਟ ਸਕੋਰ। |

| ਅਪੰਗਤਾ (ਅਸਮਰੱਥਾ) ਸਥਿਤੀ | ਉਮਰ | ਰੋਗ-ਨਿਦਾਨ | ਰੋਗ-ਨਿਦਾਨ ਕਰਨ ਵਾਲਾ | ਹੋਰ ਰਿਕਾੱਰਡ |
|---|---|---|---|---|
| ਔਟਿਜ਼ਮ (ਆਤਮ-ਲੀਨਤਾ) | ਜਨਮ (0) ਅਤੇ ਵੱਧ ਉਮਰ | 1 ਫ਼ਰਵਰੀ, 2022 ਤੋਂ ਪਹਿਲਾਂ ਔਟਿਜ਼ਮ (ਆਤਮ-ਲੀਨਤਾ) ਸਪੈਕਟ੍ਰਮ ਵਿਗਾੜ ਜਾਂ ਔਟਿਜ਼ਮ (ਆਤਮ-ਲੀਨਤਾ) ਵਿਗਾੜ | ਲਾਇਸੈਂਸਸ਼ੁਦਾ: ਨਿਊਰੋਲਾੱਜਿਸਟ, ਮਨੋਰੋਗਾਂ ਬਾਰੇ ਡਾੱਕਟਰ, ਮਨੋਵਿਗਿਆਨੀ, ਵਿਕਾਸ ਸਬੰਧੀ ਅਤੇ ਵਿਹਾਰ ਸਬੰਧੀ ਬੱਚਿਆਂ ਦਾ ਡਾੱਕਟਰ; WAC 182-531A-0200 ਵਿੱਚ ਦੱਸੇ ਗਏ ਅਨੁਸਾਰ ਉੱਤਮਤਾ ਬਾਰੇ ਸੈਂਟਰ; ਜਾਂ ਲਾਇਸੈਂਸਸ਼ੁਦਾ ਫ਼ਿਜ਼ੀਸ਼ਿਅਨ, ਨੈਚੁਰੋਪੈਥਿਕ ਫ਼ਿਜ਼ੀਸ਼ਿਅਨ, ARNP, ਔਟਿਜ਼ਮ (ਆਤਮ-ਲੀਨਤਾ) ਸੈਂਟਰ ਜਾਂ ਵਿਕਾਸ ਸਬੰਧੀ ਸੈਂਟਰ ਨਾਲ ਜੁੜਿਆ ਹੋਇਆ ਫ਼ਿਜ਼ੀਸ਼ਿਅਨ ਦਾ ਸਹਾਇਕ। | ਰੋਗ-ਨਿਦਾਨ ਵਿੱਚ ਇੱਕ ਡਾਇਗਨੋਸਟਿਕ ਰਿਪੋਰਟ ਅਤੇ ਪਿਛਲੇ 36 ਮਹੀਨਿਆਂ ਦੇ ਅੰਦਰ ਪੂਰੇ ਕੀਤੇ ਗਏ ਔਸਤ ਤੋਂ ਦੋ ਤੋਂ ਵੱਧ ਮਿਆਰੀ ਅੰਤਰ ਦੀਆਂ ਫਲਣਹਾਰ ਮੁਹਾਰਤਾਂ ਦਾ ਟੈਸਟ ਸਕੋਰ ਦਰਜ ਕਰਨਾ ਚਾਹੀਦਾ ਹੈ। |
| ਬੌਧਿਕ ਅਸਮਰੱਥਾ (ਅਪੰਗਤਾ) ਨਾਲ ਮਿਲਦੀ-ਜੁਲਦੀ ਕੋਈ ਹੋਰ ਨਿਊਰੋਲਾੱਜਿਕਲ ਜਾਂ ਹੋਰ ਸਥਿਤੀ | ਜਨਮ (0) ਅਤੇ ਵੱਧ ਉਮਰ | ਨਿਊਰੋਲਾੱਜਿਕਲ ਜਾਂ ਕ੍ਰੋਮੋਸੋਮਲ ਵਿਗਾੜ, ਜਿਹਨਾਂ ਨੂੰ ਬੌਧਿਕ ਅਤੇ ਫਲਣਹਾਰ ਮੁਹਾਰਤਾਂ ਦੀ ਘਾਟ ਦਾ ਕਾਰਣ ਮੰਨਿਆ ਜਾਂਦਾ ਹੈ | ਲਾਇਸੈਂਸਸ਼ੁਦਾ ਫ਼ਿਜ਼ੀਸ਼ਿਅਨ, ਲਾਇਸੈਂਸਸ਼ੁਦਾ ਨੈਚੁਰੋਪੈਥਿਕ ਫ਼ਿਜ਼ੀਸ਼ਿਅਨ, ਜੈਨੇਟਿਸਿਸਟ ਜਾਂ ARNP ਜਾਂ ਨਿਊਰੋਲਾੱਜਿਕਲ ਕਲਿਨਿਕ ਜਾਂ ਜੈਨੇਟਿਕ ਟੈਸਟਿੰਗ ਸੈਂਟਰ ਨਾਲ ਜੁੜਿਆ ਹੋਇਆ ਫ਼ਿਜ਼ੀਸ਼ਿਅਨ ਦਾ ਸਹਾਇਕ। | ਪਿਛਲੇ 36 ਮਹੀਨਿਆਂ ਦੇ ਅੰਦਰ ਪੂਰਾ ਕੀਤਾ ਗਿਆ ਇੱਕ ਢੁਕਵਾਂ ਰੋਗ-ਨਿਦਾਨ ਅਤੇ ਫਲਣਹਾਰ ਮੁਹਾਰਤਾਂ ਦਾ ਟੈਸਟ, ਜੋ ਫਲਣਹਾਰ ਕਾਰਜ-ਪ੍ਰਣਾਲੀ ਵਿੱਚ ਔਸਤ ਤੋਂ ਦੋ ਤੋਂ ਵੱਧ ਦੀਆਂ ਢੁਕਵੀਆਂ ਹੱਦਾਂ ਦਰਸਾਉਂਦਾ ਹੈ। |

ਧਿਆਨ ਦਿਓ: ਇਹ ਫ਼ਾਰਮ ਸਿਰਫ਼ ਇੱਕ ਆਮ ਗਾਈਡ ਹੈ ਅਤੇ **DDA** ਨੂੰ ਵਾਧੂ ਜਾਣਕਾਰੀ ਲੈਣੀ ਪੈ ਸਕਦੀ ਹੈ ਜਾਂ ਮੁਲਾਂਕਣ ਕਰਨੇ ਪੈ ਸਕਦੇ ਹਨ। ਇਹ ਦਸਤਾਵੇਜ਼ੀਕਰਣ ਐਨਰੋਲਮੈਂਟ (ਰਜਿਸਟ੍ਰੇਸ਼ਨ) ਦੀ ਯੋਗਤਾ ਦਾ ਫ਼ੈਸਲਾ ਕਰਨ ਦਾ ਪਹਿਲਾ ਪੜਾਅ ਹੈ। **DDA** ਐਨਰੋਲਮੈਂਟ (ਰਜਿਸਟ੍ਰੇਸ਼ਨ) ਦਾ ਫ਼ੈਸਲਾ **WAC** ਚੈਪਟਰ **388-823** ਅਨੁਸਾਰ ਕੀਤਾ ਜਾਂਦਾ ਹੈ।